ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।।

# ਸਾਕਾ ਮਲੇਰਕੋਟਲਾ



ਅਸੀਂ ਛਾਤੀ ਤਾਣ ਖਲੋਵੀਏ, ਤੁਸੀਂ ਦੇਣੀ ਜੇ ਤੋਪ ਚਲਾ
ਸਾਡੀ ਬੋਟੀ-ਬੋਟੀ ਕਟ ਕੇ, ਦੇਣੀ ਕੱਲਰ ਏਸ ਖਿਡਾ
ਸਾਡੇ ਖੂਨ ਚੋਂ ਪੈਦਾ ਹੋਣ ਓਹ, ਤੁਹਾਡਾ ਤਖਤਾ ਜੋ ਦੇਣ ਉਲਟਾ
ਲੋਕੀ ਆਂਹਦੇ ਨੇ ਕੱਲਰ ਨਾ ਜੰਮਦੇ, ਅਸੀਂ ਦੇਣੇ ਕੌਲ ਉਗਾ


# ਸਮਰਪਣ

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿੱਘੀ ਯਾਦ ਵਿੱਚ
## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਸਦਕਾ
## ਨਾਮਧਾਰੀ ਸ਼ਹੀਦ ਸਿੰਘਾਂ ਦੇ 150ਵੇਂ ਵਰ੍ਹੇ ਨੂੰ ਸਮਰਪਿਤ


ਚਿੱਤਰ : ਰਜਿੰਦਰ ਸਿੰਘ ਸੱਗੂ (ਫਿਲੌਰ, ਪੰਜਾਬ) ਕਲਰਿੰਗ : ਰਜਿੰਦਰ ਸਿੰਘ ਸੱਗੂ, ਸਤਵਿੰਦਰ ਕੌਰ ਸੱਗੂ (ਰਾਜਾਸੁੰਦਰੀ ਆਰਟ)
ਤਕਨੀਕੀ ਸਹਾਇਤਾ : ਗੁਰਿੰਦਰ ਸਿੰਘ ਸੱਗੂ, ਵਰਿੰਦਰ ਸਿੰਘ ਸੱਗੂ,
ਧੰਨਵਾਦ : ਸੇਵਕ ਹਰਪਾਲ ਸਿੰਘ, ਗੁਰਲਾਲ ਗਿੱਲ, ਕਰਣਪਾਲ ਸਿੰਘ (ਸ੍ਰੀ ਭੈਣੀ ਸਾਹਿਬ)


www.facebook.com/rajasundriart www.instagram.com/rajasundriart
Whatsapp : +91-9463453891


ਖਾਲਸਾ ਜੀ !
ਮੈਂ ਦਸ ਨਹੀਂ ਸਕਦਾ,ਮੇਰੀ ਜ਼ੁਬਾਨ ਬੋਲ ਨਹੀਂ ਸਕਦੀ,ਧ੍ਰਿਗ ਹੈ ਮੇਰੇ ਜਿਉਣ ਨੂੰ, ਮੈਂ ਉੱਥੇ ਹੀ ਕਿਉਂ ਨਹੀਂ ਮਰ ਗਿਆ।ਮੇਰੇ ਸਾਹਮਣੇ ਬੈਲ ਨੂੰ ਜ਼ਿਬਾ ਕੀਤਾ (ਵੱਢ ਦਿੱਤਾ) ਗਿਆ।ਢਾਹ ਮਾਰਦਿਆਂ ਹੇ ਅਕਾਲ ਪੁਰਖ ਬ਼ਖਸ਼।
ਮਾਤਾ ਜੱਸਾ ਜੀ ਦੀ ਯਾਦ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਭਾਰੀ ਮੇਲਾ ਲੱਗਾ ਹੋਇਆ ਸੀ। ਸੰਗਤਾਂ ਦੂਰੋਂ-ਦੂਰੋਂ ਪਹੁੰਚੀਆਂ ਹੋਈਆਂ ਸਨ।13 ਜਨਵਰੀ 1872 ਨੂੰ ਭਰੇ ਦੀਵਾਨ ਵਿੱਚ ਮਲੇਰਕੋਟਲਾ ਰਿਆਸਤ ਦੇ ਪਿੰਡ ਫਰਵਾਹੀ ਦੇ ਨੰਬੜਦਾਰ ਗੁਰਮੁੱਖ ਸਿੰਘ ਨੇ ਖੜ੍ਹੇ ਹੋ ਕੇ ਅਜਿਹੀ ਦਰਦਨਾਕ ਵਿਥਿਆ ਸੁਣਾਈ ਕਿ ਸਾਰੀ ਸੰਗਤ ਸੁਣ ਕੇ ਸੁੰਨ ਹੋ ਗਈ। ਉਸ ਸਿੱਖ ਨੇ ਹੱਥ ਜੋੜ ਕੇ ਸੰਗਤ ਅੱਗੇ ਬੇਨਤੀ ਕੀਤੀ



ਸਾਧ ਸੰਗਤ ਜੀ ਮੈਂ ਆਪਣੇ ਪਿੰਡੋਂ ਮਲੇਰਕੋਟਲੇ ਨੂੰ ਮਾਮਲਾ ਜਮ੍ਹਾਂ ਕਰਾਉਣ ਜਾ ਰਿਹਾ ਸੀ ਕਿ ਰਸਤੇ ਵਿੱਚ ਮੈਨੂੰ ਇਕ ਅਰਾਈਂ ਮਿਲਿਆ, ਉਸਨੇ ਬਲਦ ਉੱਪਰ ਸਬਜੀ ਲੱਦੀ ਹੋਈ ਸੀ, ਤੇ ਨਾਲੇ ਆਪ ਉਸਤੇ ਸਵਾਰ ਸੀ। ਭਾਰ ਨਾਲ ਬਲਦ ਦਾ ਬੁਰਾ ਹਾਲ ਸੀ। ਮੇਰੇ ਕੋਲੋਂ ਉਸ ਬਲਦ ਦੀ ਹਾਲਤ ਦੇਖੀ ਨਹੀਂ ਗਈ
ਮੈਂ ਉਸਨੂੰ ਕਿਹਾ ਕਿ ਉਹ ਹੇਠਾਂ ਉੱਤਰ ਆਏ। ਮੇਰੇ ਮਨ੍ਹਾਂ ਕਰਨ ਤੇ ਉਹ ਮੇਰੇ ਗਲ ਪੈ ਗਿਆ ਤੇ ਹੱਥੋਪਾਈ ਤੱਕ ਨੌਬਤ ਆ ਗਈ।
ਐਨੇ ਨੂੰ ਰੌਲਾ ਸੁਣ ਕਈ ਲੋਕ ਇਕੱਠਾ ਹੋ ਗਏ ਤੇ ਪੁਲਿਸ ਵਾਲੇ ਆਏ ਤੇ ਮੈਨੂੰ ਫੜਕੇ ਕੋਤਵਾਲੀ ਲੈ ਗਏ


ਉੱਥੇ ਦਾ ਕੋਤਵਾਲ ਬੜਾ ਕੱਟੜਵਾਦੀ ਸੀ
ਇਸ ਬਲਦ ਨੂੰ ਇਸ ਸਿੱਖ ਦੇ ਸਾਹਮਣੇ ਹੀ ਹਲਾਲ ਕਰ ਦਿਓ ਤੇ ਇਸ ਸਿੱਖੜੇ ਨੂੰ ਧੱਕੇ ਮਾਰ ਕੇ ਕੋਤਵਾਲੀ ਤੋਂ ਬਾਹਰ ਕੱਢ ਦਿਓ।
ਉਸ ਕੋਤਵਾਲ ਦੀ ਹੈਵਾਨੀਅਤ ਉਸ ਦੀਆਂ ਅੱਖਾਂ ਵਿੱਚੋਂ ਸਾਫ਼ ਝਲਕ ਰਹੀ ਸੀ


ਮੇਰੇ ਕੋਲੋਂ ਇਹ ਸਭ ਦੇਖਿਆ ਨਾ ਗਿਆ। ਬਿਨਾਂ ਗਰਦਨ ਦੇ ਤੜਪਦੇ ਬਲਦ ਨੇ ਮੇਰੀਆਂ ਅੱਖਾਂ ਸਾਹਮਣੇ ਦਮ ਤੋੜ ਦਿੱਤਾ।


ਉਸ ਤੋਂ ਬਾਦ ਮੈਨੂੰ ਅਣਮਨੁੱਖੀ ਤਸੀਹੇ ਦਿੰਦੇ ਹੋਏ ਮੈਨੂੰ ਬੁਰੀ ਤਰ੍ਹਾਂ ਮਾਰਿਆ ਕੁਟਿਆ



ਆਪਣੀ ਵਿਥਿਆ ਸੁਣਾਉਂਦੇ ਹੋਇਆਂ ਗੁਰਮੁੱਖ
ਸਿੰਘ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰੇ।


ਗੁਰਮੁਖ ਸਿੰਘ ਦੀ ਵਿਥਿਆ ਸੁਣਕੇ ਦੀਵਾਨ ਵਿੱਚ ਰੋਹ ਦੀ ਲਹਿਰ ਦੌੜ ਗਈ। ਪਟਿਆਲਾ ਦੇ ਸਕਰੌਦੀ ਪਿੰਡ ਦੇ ਕੂਕੇ ਸਰਦਾਰ ਹੀਰਾ ਸਿੰਘ ਜੋਸ਼ ਵਿੱਚ ਬੋਲ ਪਏ। ਉਹਨਾਂ ਦੀਆਂ ਅੱਖਾਂ ਵਿੱਚ ਬਲਦੇ ਅੰਗਾਰ ਦੱਸਦੇ ਸੀ ਉਹ ਇਕ ਨਵਾਂ ਇਤਿਹਾਸ ਰਚਣ ਜਾ ਰਹੇ ਹਨ।
ਬਹਾਦਰੋ ! ਅਜੇ ਕਲ੍ਹ ਦੀ ਗੱਲ ਏ। ਇਹਨਾਂ ਗੋਰਿਆਂ ਸ੍ਰੀ ਅਮ੍ਰਿਤਸਰ ਸਾਹਿਬ ਵਿੱਚ ਚਾਰ ਸਿੰਘਾਂ ਨੂੰ ਚਿੱਟੇ ਦਿਨ ਫਾਂਸੀ ਚਾੜ੍ਹਿਆ, ਅਤੇ ਰਾਇਕੋਟ ਵਿੱਚ ਵੀ ਤਿੰਨ ਸਿੰਘਾਂ ਨੂੰ ਸ਼ਹੀਦ ਕੀਤਾ ਤੇ ਵੇਖੋ ਲੁਧਿਆਣੇ ਨਿਰਦੋਸ਼ ਗਿਆਨੀ ਸਿੰਘ ਤੇ ਰਤਨ ਸਿੰਘ ਨਾਈਵਾਲੇ ਨੂੰ ਫਾਹੇ ਟੰਗਿਆ।
ਗੋਰੇ ਇੰਨੇ ਭੂਤਰੇ ਹੋਏ ਹਨ ਪਹਿਲਾਂ ਸ਼ਹਿਰ ਵਿੱਚ ਡੌਂਢੀ ਪਿਟਵਾਈ, ਲੋਕਾਂ ਨੂੰ ਸੱਦਾ ਦਿੱਤਾ ਤੇ ਸਿੰਘਾਂ ਨੂੰ ਫਾਹੇ ਲਟਕਾਇਆ। ਇਹ ਕੋਈ ਜਿਊਣਾ ਏ ਇਸ ਗਲ ਨਾਲੋਂ ਮੌਤ ਚੰਗੀ
ਨਾਲ ਖੜ੍ਹੇ ਲਹਿਣਾ ਸਿੰਘ ਜੀ ਵੀ ਬੋਲ ਪਏ
ਗੁਰੂ ਪਿਆਰਿਓ! ਸਿੰਘ ਨਾ ਜ਼ੁਲਮ ਕਰਦਾ ਏ ਨਾ ਜ਼ੁਲਮ ਸਹਾਰ ਸਕਦਾ ਏ। ਬੇਗੈਰਤੀ ਦੇ ਜੀਵਨ ਨਾਲੋਂ ਮੌਤ ਚੰਗੀ। ਅੰਗਰੇਜ਼ਾਂ ਦੇ ਸ਼ਹਿ ਤੇ ਸਾਡੇ ਧਾਰਮਿਕ ਸਥਾਨਾਂ ਕੋਲ ਬੁੱਚੜਖਾਨੇ ਚੱਲ ਰਹੇ ਹਨ। ਇਹ ਰਿਸ਼ੀਆਂ-ਮੁਨੀਆਂ ਦੀ ਧਰਤੀ ਲਹੂ ਨਾਲ ਰੰਗੀ ਪਈ ਹੈ। ਹੁਣ ਜ਼ਰੂਰਤ ਹੈ ਸਿਰ-ਧੜ ਦੀ ਬਾਜ਼ੀ ਦੀ। ਹੁਣ ਇਸ ਗੋਰੀ ਸਰਕਾਰ ਖਿਲਾਫ਼ ਵੱਡੀ ਕਾਰਵਾਈ ਕਰਨੀ ਪਏਗੀ।


ਉਹਨਾਂ ਦੇ ਜੋਸ਼ ਨੂੰ ਦੇਖਦੇ ਹੋਏ ਸੈਂਕੜੇ ਸਿੱਖ ਉਹਨਾਂ ਦੇ ਨਾਲ ਹੋ ਤੁਰੇ। ਸਤਿਗੁਰੂ ਰਾਮ ਸਿੰਘ ਜੀ ਇਹ ਸਭ ਦੇਖ ਕਿਹਾ
ਹੀਰਾ ਸਿੰਘ ਅਜੇ ਪਨੀਰੀ ਛੋਟੀ ਹੈ ਜਿਹੜਾ ਕੰਮ ਤੁਸੀਂ ਤੇਗ ਨਾਲ ਕਰਨਾ ਚਾਹੁੰਦੇ ਹੋ ਮੈਂ ਮਾਲਾ ਨਾਲ ਕਰ ਦਿਆਂਗਾ
ਸਿੰਘਾਂ ਨੇ ਸਤਿਗੁਰੂ ਜੀ ਨੂੰ ਕਿਹਾ ਸਾਨੂੰ ਗੁਰੂ ਤੇਗ ਬਹਾਦਰ ਜੀ ਕਹਿੰਦੇ ਹਨ ਕਿ ਇਸ ਜ਼ੁਲਮ ਖ਼ਿਲਾਫ ਤਲਵਾਰ ਚੁੱਕੋ ਤੇ ਸ਼ਹੀਦੀਆਂ ਦਿਓ। ਫਿਰ ਸਤਿਗੁਰੂ ਰਾਮ ਸਿੰਘ ਜੀ ਨੇ ਆਖਿਆ ਤੁਸੀਂ ਉਹਨਾਂ ਦੇ ਹੁਕਮ ਦੀ ਪਾਲਣਾ ਕਰੋ। ਫਿਰ ਲਾਂਗਰੀ ਨੂੰ ਕਿਹਾ ਕਿ ਪ੍ਰਸ਼ਾਦਾ ਤਿਆਰ ਕਰੋ, ਮੈਂ ਆਪ ਆਪਣੇ ਹੱਥੀਂ ਇਹਨਾਂ ਪਿਆਰਿਆਂ ਨੂੰ ਪ੍ਰਸ਼ਾਦਾ ਛਕਾਵਾਂਗਾ




ਹੀਰਾ ਸਿੰਘ ਨੇ ਸ੍ਰੀ ਸਾਹਿਬ ਨਾਲ ਧਰਤੀ ਤੇ ਲਕੀਰ ਖਿੱਚੀ ਤੇ ਸੰਗਤ ਵਲ ਮੂੰਹ ਕਰਕੇ ਆਖਿਆ
ਜਿਸ ਜਿਸ ਨੇ ਸੀਸ ਦੇਣਾ ਹੈ ਓਹ ਲੀਕ ਟੱਪੇ
ਫਿਰ ਇਕ-ਇਕ ਕਰਕੇ ਸਿੰਘ ਲਕੀਰ ਦੇ ਦੂਜੇ ਪਾਸੇ ਜਾਂਦੇ ਗਏ ਅਤੇ 140 ਦੇ ਕਰੀਬ ਸਿੰਘਾਂ ਦਾ ਜਥਾ ਮਲੇਰਕੋਟਲੇ ਉੱਤੇ ਹਮਲਾ ਕਰਨ ਲਈ ਤਿਆਰ ਹੋ ਗਿਆ।


ਉਸ ਦਿਨ ਚਲਕੇ ਕੂਕੇ ਪਟਿਆਲਾ ਰਾਜ ਦੇ ਇਕ ਪਿੰਡ ਰੱਬੋਂ ਵਿਖੇ ਰੁਕੇ, ਅਗਲੇ ਦਿਨ ਉਹਨਾਂ ਉੱਥੇ ਰੁਕਣ ਤੋਂ ਬਾਅਦ 14 ਜਨਵਰੀ ਸ਼ਾਮ ਨੂੰ ਮਲੌਦ ਦੇ ਕਿਲੇ ਤੇ ਧਾਵਾ ਬੋਲ ਦਿੱਤਾ। ਕੁਝ ਘੋੜੇ ਤੇ ਹਥਿਆਰ ਲੈ ਕੇ ਉੱਥੋਂ ਚਲੇ ਗਏ। ਅਗਲੇ ਦਿਨ ਸਵੇਰੇ 7 ਵਜੇ ਮਲੇਰਕੋਟਲਾ ਪਹੁੰਚ ਗਏ


ਫਿਰ ਉਹਨਾਂ ਨੇ ਬੁਚੜਖਾਨੇ ਤੇ ਹਮਲਾ ਕਰ ਦਿੱਤਾ। ਉਹਨਾਂ ਦਾ ਮੁਕਾਬਲਾ ਅੰਗਰੇਜ਼ੀ ਸਰਕਾਰ ਦੀ ਪੁਲਿਸ ਅਤੇ ਰਿਆਸਤੀ ਰਾਜਿਆਂ ਦੇ ਸਿਪਾਹੀਆਂ ਨਾਲ ਹੋਇਆ। ਇਸ ਲੜਾਈ ਵਿੱਚ ਸਰਕਾਰ ਦੀ ਇਮਦਾਦ (ਮਦਦ) ਕਰਣ ਲਈ ਇਲਾਕੇ ਦੇ ਕਈ ਬਦਮਾਸ਼ਾਂ ਨੇ ਵੀ ਨਾਮਧਾਰੀ ਸਿੰਘਾਂ ਨਾਲ ਦੋ ਹੱਥ ਕੀਤੇ। ਜਿਸ ਵਿੱਚ ਆਪਣੀ ਸੂਰਬੀਰਤਾ ਦਾ ਸਬੂਤ ਦਿੰਦੇ ਹੋਏ ਨਾਮਧਾਰੀ ਸਿੰਘਾਂ ਨੇ ਬੁੱਚੜ ਮਾਰ ਰਿਆਸਤੀ ਅਤੇ ਅੰਗਰੇਜ਼ੀ ਫੌਜਾਂ ਨੂੰ ਭਜਾ ਦਿੱਤਾ। ਇਸ ਘਮਾਸਾਨ ਲੜਾਈ ਵਿੱਚ ਕੁੱਝ ਨਾਮਧਾਰੀ ਸੂਰਬੀਰ ਵੀ ਸ਼ਹੀਦ ਹੋ ਗਏ।


ਸਮੁੰਦ ਖਾਨ ਪਠਾਨ ਜੋ ਬਾਅਦ ਵਿੱਚ ਆਇਆ ਉਸਨੇ ਜਥੇ ਦੇ ਮੋਹਰੀ ਸਰਦਾਰ ਹੀਰਾ ਸਿੰਘ ਨੂੰ ਹੱਥੋ-ਹੱਥੀਂ ਤਲਵਾਰ ਦੀ ਲੜਾਈ ਲਈ ਲਲਕਾਰਿਆ। ਸਰਦਾਰ ਘੋੜਾ ਲੈ ਕੇ ਉਸ ਦੇ ਸਾਹਮਣੇ ਆ ਖਲੋਤਾ ਅਤੇ ਉਸਨੂੰ ਪਹਿਲਾਂ ਵਾਰ ਕਰਨ ਲਈ ਕਿਹਾ। ਸਮੁੰਦ ਖਾਨ ਨੇ ਤਲਵਾਰ ਚਲਾਈ ਅਤੇ ਢਾਲ ਨ ਹੋਣ ਕਰਕੇ ਸਰਦਾਰ ਨੇ ਖੱਬੀ ਬਾਂਹ ਅੱਗੇ ਕਰ ਦਿੱਤੀ। ਵਾਰ ਖਾਲੀ ਗਿਆ ਪਰ ਇਸ ਨਾਲ ਹੱਥ ਗੁੱਟ ਨਾਲੋਂ ਅਲੱਗ ਹੋ ਗਿਆ।
ਸਰਦਾਰ ਜੋਸ਼ ਵਿੱਚ ਆ ਗਿਆ ਤੇ ਰੋਹ ਵਿੱਚ ਉਸਨੇ ਘੋੜਾ ਵਧਾਕੇ ਤਲਵਾਰ ਘੁਮਾ ਦਿੱਤੀ ਜਿਸ ਨਾਲ ਸਮੁੰਦ ਖਾਨ ਦਾ ਸਿਰ ਧੜ ਨਾਲੋਂ ਉੱਤਰ ਕੇ ਹੇਠਾਂ ਡਿੱਗ ਪਿਆ। ਸਰਦਾਰ ਦੀ ਰਕਤਪੀਣੀ ਭਗਓਤੀ ਵਿੱਚੋਂ ਲਹੂ ਦੇ ਤੁਪਕੇ ਚੋਣ ਲੱਗ ਪਏ।


ਜਖਮੀ ਹੋਈ ਬਾਂਹ ਤੇ ਪੱਟੀ ਬੰਨ੍ਹ ਕੇ ਸਰਦਾਰ ਹੀਰਾ ਸਿੰਘ ਜਥੇ ਦੀ ਅਗਵਾਈ ਕਰਦੇ ਗਏ। ਉਸ ਰਾਤ ਹੀਰਾ ਸਿੰਘ ਜੱਥੇ ਨੂੰ ਆਖਣ ਲੱਗੇ
ਬਾਪੂ ਜੀ ਦਾ ਹੁਕਮ ਏਤਨਾ ਈ ਹੈ।ਅਸੀਂ ਤਾਂ ਅੱਗੇ ਕੱਖ ਨਹੀਂ ਤੋੜਨਾ ਹੈ
ਸਾਨੂੰ ਜਿੰਨਾ ਹੁਕਮ ਗੁਰੂ ਤੇਗ ਬਹਾਦਰ ਜੀ ਦਾ ਸੀ, ਉਨਾ ਕਰ ਦਿੱਤਾ ਹੈ।ਜਿਨ੍ਹਾਂ ਨੇ ਘਰ ਜਾਣਾ ਹੈ ਓਹ ਚਲੇ ਜਾਓ। ਜਿਨ੍ਹਾਂ ਨੇ ਸੀਸ ਦੇਣਾ ਹੈ ਸੋ ਰਹੋ।ਮੈਂ ਤਾਂ ਸੀਸ ਦੇਣਾ ਹੈ ਸੋ ਦੇਵਾਂਗਾ।
16 ਜਨਵਰੀ ਸਵੇਰ ਆਪਣੀ ਮਰਜ਼ੀ ਨਾਲ ਗ੍ਰਿਫਤਾਰੀ ਦਿੱਤੀ।ਰਾਤ ਸ਼ੇਰਪੁਰ ਥਾਣੇ ਵਿੱਚ ਰਹੇ।

ਲੁਧਿਆਣੇ ਦਾ ਡਿਪਟੀ ਕਮਿਸ਼ਨਰ ਕਾਵਨ ਬਹੁਤ ਹੀ ਨਿਰਦਈ ਸੀ। ਉਸਨੇ ਆਪਣੇ ਮਨ ਵਿੱਚ ਕੂਕਿਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦੇਣ ਦਾ ਫੈਸਲਾ ਕੀਤਾ ਹੋਇਆ ਸੀ। ਉਹ ਆਮ ਲੋਕਾਂ ਵਿੱਚ ਦਹਿਸ਼ਤ ਫੈਲਾਉਣਾ ਚਾਹੁੰਦਾ ਸੀ ਤਾਂ ਜੋ ਅੱਗੇ ਤੋਂ ਕੋਈ ਅੰਗਰੇਜ਼ ਸਰਕਾਰ ਵਿਰੁੱਧ ਕੁਸਕ ਨਾ ਸਕੇ । ਉਹਨੇ ਆਪਣੇ ਅਖਤਿਆਰਾਂ ਤੋਂ ਬਾਹਰ ਹੋ ਕੇ ਬਿਨ੍ਹਾਂ ਮੁਕੱਦਮਾਂ ਚਲਾਏ ਬਹਾਦਰ ਕੂਕਿਆਂ ਨੂੰ ਤੋਪਾਂ ਨਾਲ ਉਡਾਉਣ ਦਾ ਹੁਕਮ ਸੁਣਾ ਦਿੱਤਾ।17 ਜਨਵਰੀ1872 ਨੂੰ ਮਲੇਰਕੋਟਲੇ ਦੇ ਨਾਲ ਲਗਦੇ ਪਿੰਡ ਜਮਾਲਪੁਰ ਦੇ ਰੱਕੜ ਵਿੱਚ 7 ਤੋਪਾਂ ਗੱਡੀਆਂ ਗਈਆਂ। ਸਾਰੇ ਕੂਕੇ ਕਤਾਰ ਵਿੱਚ ਖੜ੍ਹੇ ਸਨ।ਕੂਕੇ ਤੋਪਾਂ ਵੱਲ ਵੇਖ ਵੇਖ ਮੁਸਕਰਾ ਰਹੇ ਸਨ।ਇਕ ਅਨੌਖਾ ਜਲੌ ਉਹਨਾਂ ਦੇ ਚਿਹਰਿਆਂ ਤੇ ਝਲਕਾਂ ਮਾਰ ਰਿਹਾ ਸੀ।ਉਹਨਾਂ ਦੀ ਸਾਹਮਣੀ ਕਤਾਰ ਵਿੱਚ ਸਰਕਾਰੀ ਅਧਿਕਾਰੀ, ਪਟਿਆਲਾ, ਨਾਭਾ ਤੇ ਜੀਂਦ ਦੀਆਂ ਫੌਜ਼ਾਂ ਦੀਆਂ ਟੁਕੜੀਆਂ ਖੜ੍ਹੀਆਂ ਸਨ ਤੇ ਹਜ਼ਾਰਾਂ ਦਰਸ਼ਕ ਸਾਹ ਰੋਕੀ ਖੜੋਤੇ ਅਣਮਨੁੱਖੀ ਤੇ ਲਾਸਾਨੀ ਮੌਤ ਦੀ ਖੇਡ ਦੇ ਸ਼ੁਰੂ ਹੋਣ ਦੀ ਉਡੀਕ ਕਰ ਰਹੇ ਸਨ।ਇਕ ਵਾਰੀ ਸੱਤ ਜਣਿਆ ਨੂੰ ਤੋਪ ਅੱਗੇ ਉਡਾਇਆ ਜਾਣਾ ਸੀ। ਕਾਵਣ ਇਹ ਸੋਚਦਾ ਸੀ ਕਿ ਉਹ ਸਿਰਫ਼ ਇਕ ਵਾਰ ਹੀ ਤੋਪਾਂ ਅੱਗੇ ਉਡਾਏਗਾ, ਬਾਕੀ ਆਪੇ ਹੀ ਡਰਕੇ ਉਸ ਕੋਲੋਂ ਮਾਫ਼ੀ ਮੰਗ ਲੈਣਗੇ ਤੇ ਕਹਿਣਗੇ ਕਿ ਉਹ ਰਾਮ ਸਿੰਘ ਦੇ ਸਿੱਖ ਨਹੀਂ, ਪਰ ਜੋ ਕੁਝ ਉੱਥੇ ਹੋਇਆ ਉਹ ਸੁਪਨੇ ਵਿੱਚ ਵੀ ਨਹੀਂ ਸੀ ਸੋਚ ਸਕਦਾ।





ਕੂਕਿਆਂ ਪ੍ਰਤੀ ਕਾਵਨ ਦੀ ਕਰੂਰਤਾ ਉਸਦੀਆਂ ਅੱਖਾਂ ਵਿੱਚੋਂ ਸਾਫ਼ ਦਿਖਾਈ ਦੇ ਰਹੀ ਸੀ
ਤੋਪਚੀ ਕਾਵਨ ਦੇ ਕਹਿਣ ਤੇ ਤੋਪ ਚਲਾਉਂਦਾ ਹੈ ਪਰ ਉਹ ਨਹੀਂ ਚਲਦੀ। ਇਕ ਵਾਰ, ਦੋ ਵਾਰ, ਤਿੰਨ ਵਾਰ ਨਹੀਂ ਚਲਦੀ, ਸਭ ਹੈਰਾਨ ਹੋ ਜਾਂਦੇ ਨੇ। ਫਿਰ ਕਾਵਨ ਤੋਪਚੀ ਬਦਲਦਾ ਹੈ,ਨਤੀਜਾ ਓਹੀ। ਸਤਿਗੁਰਾਂ ਦਾ ਕੌਤਕ ਦੇਖਕੇ ਸਭ ਹੈਰਾਨ ਹੋ ਜਾਂਦੇ ਨੇ। ਸਿੱਖਾਂ ਨੂੰ ਡਰਾਉਣ ਆਇਆ ਕਾਵਨ ਖੁਦ ਹੀ ਡਰ ਗਿਆ।


ਫਿਰ ਕਾਵਨ ਨੇ ਡਰਕੇ ਸਿੱਖਾਂ ਨੂੰ ਤੋਪ ਵਲ ਪਿੱਠ ਕਰਕੇ ਖੜ੍ਹੇ ਹੋਣ ਲਈ ਕਿਹਾ
ਤਦ ਹੀਰਾ ਸਿੰਘ ਨੇ ਕਿਹਾ "ਬਹਾਦਰ ਮੌਤ ਵਲ ਪਿੱਠ ਨਹੀਂ ਕਰਦੇ
ਉਹ ਮੌਤ ਦੀ ਲਾੜੀ ਨੂੰ ਵਿਆਹੁਣ ਲਈ ਗਾਨੇ ਬੰਨ੍ਹ ਆਉਂਦੇ ਹਨ।
ਮੈਂ ਪਿੱਠ ਨਹੀਂ ਕਰਾਂਗਾ ਤੁਸੀਂ ਤੋਪ ਚਲਾਓ,ਓਹ ਚਲ ਪਏਗੀ,ਭਾਵੇਂ ਪਹਿਲਾ ਤੋਪਚੀ ਹੀ ਲਗਾ ਲਓ
ਕਿਉਂਕੀ ਹੁਣ ਮੇਰੇ ਸਤਿਗੁਰੂ ਦਾ ਹੁਕਮ ਆ ਗਿਆ ਹੈ"


ਤੋਪ ਚਲਦੀ ਹੈ, ਸਿੰਘ ਦਾ ਸਰੀਰ ਪੋਟਾ ਪੋਟਾ ਹੋ ਕੇ ਡਿੱਗਦਾ ਹੈ
ਸਿੰਘ ਜੈਕਾਰੇ ਛੱਡਦੇ ਹਨ।ਖਲਕਤ ਮੂੰਹ ਵਿੱਚ ਉਂਗਲਾਂ ਪਾਈ ਬਿਟਰ ਬਿਟਰ ਤੱਕ ਰਹੀ ਹੈ।ਕਈਆਂ ਦੀਆਂ ਅੱਖਾਂ ਵਿੱਚ ਅੱਥਰੂ ਟਪਕ ਰਹੇ ਹਨ।
ਸੱਤ, ਸੱਤ ਸਿੰਘ ਵਾਰੀ ਵਾਰੀ ਆਉਂਦੇ ਹਨ ਤੇ ਸ਼ਹੀਦੀਆਂ ਪਾਉਂਦੇ ਹਨ।


ਮਰ੍ਹਾਜ ਦਾ ਵਰਿਆਮ ਸਿੰਘ ਤੋਪ ਸਾਹਮਣੇ ਖਲੋਂਦਾ ਹੈ, ਤਾਂ ਤੋਪਚੀ ਉਸ ਕੋਲ ਆ ਕੇ ਕਹਿੰਦਾ ਹੈ
ਸਿੱਖਾ ਇਕ ਪਾਸੇ ਹੋ ਜਾ
ਕਿਉਂ
ਤੇਰਾ ਕੱਦ ਛੋਟਾ ਹੈ, ਨਿਸ਼ਾਨਾ ਠੀਕ ਨਹੀਂ ਬੈਠਦਾ।
ਮੈਂ ਜਥੇ ਨਾਲੋਂ ਵਿਛੜਨਾ ਨਹੀਂ ਚਾਹੁੰਦਾ। ਤੂੰ ਛੇਤੀ ਕਰ ਤੇ ਤੋਪ ਚਲਾ
ਤੋਪਚੀ ਦੇ ਫੇਰ ਮਨ੍ਹਾਂ ਕਰਨ ਦੇ ਬਾਅਦ ਵਰਿਆਮ ਸਿੰਘ ਅੱਗੋਂ ਹਟਿਆ ਤੇ ਫਟਾਫਟ ਇੱਧਰੋਂ ਉਧਰੋਂ ਢੀਮਾ, ਇੱਟਾਂ ਤੇ ਪੱਥਰ ਤੋਪ ਦੇ ਸਾਹਮਣੇ ਇਕੱਠੇ ਕਰਨ ਲੱਗ ਪਿਆ।


ਫਿਰ ਉਹਨਾਂ ਦੇ ਉੱਪਰ ਖਲੋ ਛਾਤੀ ਤਾਣ ਕੜਕਿਆ
ਹੁਣ ਮੇਰਾ ਕੱਦ ਠੀਕ ਹੈ, ਚਲਾ ਤੋਪ


ਤੋਪ ਚਲਦੀ ਹੈ ਤੇ ਵਰਿਆਮ ਸਿੰਘ ਵੀ ਆਪਣੇ ਸ਼ਹੀਦ ਹੋਏ ਸਾਥੀਆਂ ਨਾਲ ਜਾ ਮਿਲਦਾ ਹੈ।



ਲੇਡੀ ਕਾਵਨ ਨੇ 12 ਸਾਲ ਦੇ ਬਿਸ਼ਨ ਸਿੰਘ ਨੂੰ ਵੇਖਕੇ ਆਪਣੇ ਪਤੀ ਮਿਸਟਰ ਕਾਵਨ ਨੂੰ ਬੱਚੇ ਨੂੰ ਮਾਫ ਕਰਣ ਲਈ ਕਿਹਾ ਤਾਂ ਕਾਵਨ ਨੇ ਕਿਹਾ ਕਿ ਇਹ ਕਹਿ ਦੇਵੇ ਮੈਂ ਰਾਮ ਸਿੰਘ ਦਾ ਸਿੱਖ ਨਹੀਂ ਤਾਂ ਛੱਡ ਦੇਵਾਂਗਾ, ਇਹ ਸੁਣਕੇ ਬਿਸ਼ਨ ਸਿੰਘ ਨੇ ਕਿਹਾ ਕਿ ਕਾਵਨ ਦੇ ਕੰਨ ਵਿੱਚ ਕਹਾਂਗਾ। ਲੇਡੀ ਕਾਵਨ ਨੇ ਕਿਹਾ ਕਿ ਘਬਰਾਓ ਨਹੀਂ ਸਾਹਬ ਟੁਮੇ ਕੁਝ ਨਹੀਂ ਕਹੇਗਾ ਬਸ ਇਤਨਾ ਹੀ ਕਹਿ ਦੋ ਕਿ ਮੈਂ ਰਾਮ ਸਿੰਘ ਦਾ ਸਿੱਖ ਨਹੀਂ। ਇਹ ਸੁਣਕੇ ਬਿਸ਼ਨ ਸਿੰਘ ਦੀਆਂ ਅੱਖਾਂ ਅੰਗਿਆਰੇ ਵਾਂਗ ਲਾਲ ਹੋ ਗਈਆ। ਝਟਪਟ ਕਾਵਨ ਦੇ ਕੋਲ ਗਿਆ। ਕਾਵਨ ਨੇ ਕੰਨ ਲਾ ਕੇ ਸੁਨਣਾ ਚਾਹਿਆ। ਬਿਸ਼ਨ ਸਿੰਘ ਨੇ ਜਾਂਦਿਆ ਹੀ ਕਾਵਨ ਦੀ ਲੰਮੀ ਦਾੜ੍ਹੀ ਫੜ੍ਹ ਜੋਰ ਦਾ ਝਟਕਾ ਮਾਰਿਆ

ਪਾਸ ਖਲੋਤੇ ਫੌਜੀਆਂ ਕਾਵਨ ਦੀ ਇਹ ਹਾਲਤ ਦੇਖੀ ਤਾਂ ਤਲਵਾਰ ਮਾਰ ਪਹਿਲਾਂ ਹੱਥ ਵੱਢ ਦਿੱਤੇ ਤੇ ਫਿਰ ਤਲਵਾਰ ਮਾਰ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਬਿਸ਼ਨ ਸਿੰਘ ਦਾ ਕੋਮਲ ਸਰੀਰ ਲਹੂ ਵਿੱਚ ਤਾਰੀਆਂ ਲਾਉਣ ਲੱਗਾ। ਬਾਅਦ ਵਿੱਚ ਉਸਦਾ ਸਰੀਰ ਟੁਕੜੇ ਟੁਕੜੇ ਕਰਕੇ ਉਸਦੀ ਮਾਤਾ ਖੇਮ ਕੌਰ ਦੀ ਝੋਲੀ ਵਿੱਚ ਪਾ ਦਿੱਤਾ। ਮਾਤਾ ਦੇ ਚਿਹਰੇ ਤੇ ਸ਼ਾਂਤੀ ਦੇ ਭਾਵ ਸਨ ਕਿ ਉਸਦਾ ਬੱਚਾ ਡੋਲ ਨਹੀਂ ਗਿਆ। ਉਸ ਦੇ ਦੁੱਧ ਨੂੰ ਲਾਜ ਨਹੀਂ ਲਾਈ।

